ਨਿਊਜ਼ ਰਿਲੀਜ਼

# ਪੋਸਟ-ਸੈਕੰਡਰੀ ਵਿਦਿਆਰਥੀਆਂ ਲਈ ਸੁਰੱਖਿਅਤਾਵਾਂ ਨੂੰ ਵਧਾਉਣਾ

27 ਜੂਨ, 2024 ਮੀਡੀਆ ਇੰਨਕੁਆਰੀਆਂ

## ਇਹ ਯਕੀਨੀ ਬਣਾਉਣ ਲਈ ਕਿ ਪੋਸਟ-ਸੈਕੰਡਰੀ ਸਿੱਖਿਆ ਐਲਬਰਟਾ ਦੇ ਵਿਦਿਆਰਥੀਆਂ ਲਈ ਪਹੁੰਚਯੋਗ ਅਤੇ ਪੁੱਜਤਯੋਗ ਬਣੀ ਰਹੇ, ਐਲਬਰਟਾ ਸਰਕਾਰ ਨਵੇਂ ਉਪਾਅ ਲਿਆ ਰਹੀ ਹੈ।

ਮੌਕਿਆਂ ਲਈ ਵਿਦਿਆਰਥੀਆਂ ਦੀ ਸਹਾਇਤਾ ਕਰਨਾਂ ਅਤੇ ਯਕੀਨੀ ਬਣਾਉਣਾ ਕਿ ਪੋਸਟ-ਸੈਕੰਡਰੀ ਸਿੱਖਿਆ ਪੁੱਜਤਯੋਗ ਬਣੀ ਰਹੇ, ਐਲਬਰਟਾ ਸਰਕਾਰ ਦੀ ਇਹ ਸਿਰੇ ਦੀ ਤਰਜ਼ੀਹ ਹੈ। ਵਿਦਿਆਰਥੀ ਸਹਾਇਤਾ ਦੀਆਂ ਅਰਜ਼ੀਆਂ ਦੇ 27 ਜੂਨ ਨੂੰ ਖੁੱਲ੍ਹਣ ਨਾਲ ਐਲਬਰਟਾ ਸਰਕਾਰ ਪ੍ਰਾਈਵੇਟ ਕਰੀਅਰ ਕਾਲਜਾਂ ਵਿਚ ਪੜ੍ਹ ਰਹੇ ਐਲਬਰਟਾ ਦੇ ਵਿਦਿਆਰਥੀਆਂ ਲਈ ਵਿਦਿਆਰਥੀ ਸਹਾਇਤਾ ਦੇ ਵਧ ਰਹੇ ਖਰਚਿਆਂ ਨੂੰ ਸਥਿਰ ਕਰਨ ਲਈ ਕਾਰਵਾਈ ਕਰ ਰਹੀ ਹੈ, ਜਦੋਂ ਕਿ ਨਾਲ ਹੀ ਸੁਰੱਖਿਅਤਾਵਾਂ ਨੂੰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ।

ਐਲਬਰਟਾ ਸਰਕਾਰ ਵਿਦਿਆਰਥੀ ਸਹਾਇਤਾ ਫੰਡਿੰਗ ਵਾਸਤੇ ਯੋਗਤਾ ਦਾ ਹਿਸਾਬ ਲਾਉਣ ਲਈ ਵਰਤੇ ਜਾਂਦੇ ਜੀਵਨ-ਨਿਰਬਾਹ ਭੱਤਿਆਂ ਨੂੰ ਵਧਾ ਰਹੀ ਹੈ। ਆਮ ਮਾਸਿਕ ਜੀਵਨ-ਨਿਰਬਾਹ ਭੱਤਾ ਭੋਜਨ, ਕੱਪੜੇ, ਨਿੱਜੀ ਲੋੜਾਂ, ਆਵਾਜਾਈ, ਕਿਰਾਇਆ/ਮੌਰਟਗੇਜ ਅਤੇ ਬਿਜਲੀ ਪਾਣੀ ਦੇ ਖਰਚਿਆਂ ਨੂੰ ਪੂਰਿਆਂ ਕਰਨ 'ਚ ਮਦਦ ਵਾਸਤੇ ਵਰਤੇ ਜਾਣ ਲਈ ਹੈ। ਇਹ ਵਾਧਾ ਐਲਬਰਟਾ ਨੂੰ ਕੈਨੇਡਾ ਸਟੂਡੈਂਟ ਫਾਇਨੈਂਸ਼ੀਅਲ ਅਸਿਸਟੈਂਸ ਪ੍ਰੋਗਰਾਮ ਦੇ ਨਾਲ ਇਕ ਕਤਾਰ ਵਿਚ ਲੈ ਆਵੇਗਾ।

ਉਹ ਵਿਦਿਆਰਥੀ ਜਿਹੜੇ ਖਾਸ ਕਰਕੇ ਆਨਲਾਈਨ ਪੜ੍ਹਾਏ ਜਾ ਰਹੇ ਪ੍ਰਾਈਵੇਟ ਕਰੀਅਰ ਕਾਲਜਾਂ ਦੇ ਫੁੱਲ-ਟਾਈਮ ਪ੍ਰੋਗਰਾਮਾਂ 'ਚ ਪੜ੍ਹ ਰਹੇ ਹਨ, ਫੈਡਰਲ ਲੋਨ ਅਤੇ ਗਰਾਂਟ ਫੰਡਿੰਗ ਵਾਸਤੇ ਯੋਗ ਹੋ ਸਕਦੇ ਹਨ। 1 ਅਗਸਤ ਤੋਂ ਲਾਗੂ ਹੁੰਦਿਆਂ, ਉਹ ਕੇਵਲ ਟਿਊਸ਼ਨ ਅਤੇ ਕਿਤਾਬਾਂ ਦੀਆਂ ਲਾਗਤਾਂ ਦੀ ਪੂਰਤੀ ਵਾਸਤੇ ਸੂਬਾਈ ਫੰਡਿੰਗ ਵਾਸਤੇ ਵੀ ਯੋਗ ਹੋ ਸਕਦੇ ਹਨ, ਜੇਕਰ ਇਹ ਲਾਗਤਾਂ ਪਹਿਲ਼ਾਂ ਹੀ ਫੈਡਰਲ ਫੰਡਿੰਗ ਦੁਆਰਾ ਪੂਰੀਆਂ ਨਹੀਂ ਹੋ ਰਹੀਆਂ।

1 ਅਗਸਤ ਤੋਂ ਸ਼ੁਰੂ ਹੁੰਦਿਆਂ, ਐਲਬਰਟਾ ਸਟੂਡੈਂਟ ਏਡ ਉਨ੍ਹਾਂ ਵਿਦਿਆਰਥੀਆਂ ਨੂੰ ਸੂਬਾਈ ਫੰਡਿੰਗ ਪ੍ਰਦਾਨ ਨਹੀਂ ਕਰੇਗੀ ਜਿਹੜੇ ਐਲਬਰਟਾ ਤੋਂ ਬਾਹਰ ਪ੍ਰਾਈਵੇਟ ਕਰੀਅਰ ਕਾਲਜਾਂ 'ਚ ਪੜ੍ਹਾਈ ਕਰ ਰਹੇ ਹਨ, ਇਸ 'ਚ ਕਿਸੇ ਪ੍ਰੋਗਰਾਮ ਦੇ ਆਖਰੀ ਸਾਲ ਦੇ

ਵਿਦਿਆਰਥੀਆਂ ਅਤੇ ਪ੍ਰਾਈਵੇਟ ਕਰੀਅਰ ਕਾਲਜਾਂ ਦੇ ਉਨ੍ਹਾਂ ਪ੍ਰੋਗਰਾਮਾਂ ਨੂੰ, ਜੋ ਉੱਚ ਲੇਬਰ ਮੰਗ ਵਾਲੇ ਖੇਤਰਾਂ ਨੂੰ ਮਦਦ ਪ੍ਰਦਾਨ ਕਰ ਰਹੇ ਹਨ, ਸਮੇਤ ਓਨਟੈਰੀਓ ਦੇ ਡੈਂਟਲ ਹਾਈਜਿਨਿਸਟ ਟਰੇਨਿੰਗ ਪ੍ਰੋਗਰਾਮ, ਨੂੰ ਕੁਝ ਛੋਟਾਂ ਹਾਸਲ ਹਨ। ਇੰਨ੍ਹਾਂ ਪ੍ਰੋਗਰਾਮਾਂ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਫੈਡਰਲ ਵਿਦਿਅਰਥੀ ਲੋਨਾਂ ਅਤੇ ਗਰਾਂਟਾਂ ਲਈ ਫਿਰ ਵੀ ਯੋਗ ਹੋ ਸਕਦੇ ਹਨ।

ਐਲਬਰਟਾ ਸਰਕਾਰ ਨੂੰ ਹੋਰਨਾਂ ਅਧਿਕਾਰ ਖੇਤਰਾਂ ਵਿਚਲੇ ਪ੍ਰਾਈਵੇਟ ਕਰੀਅਰ ਕਾਲਜਾਂ ਉੱਪਰ ਨਿਗਰਾਨੀ ਹਾਸਲ ਨਹੀਂ ਹੈ ਅਤੇ ਉਹ ਪੜ੍ਹਾਈ ਦੇ ਪ੍ਰੋਗਰਾਮਾਂ ਦੀ ਕੁਆਲਿਟੀ ਦੀ ਜਾਂਚ-ਪੜਤਾਲ, ਸ਼ਿਕਾਇਤਾਂ ਨਜਿੱਠਣ ਜਾਂ ਇੰਨ੍ਹਾਂ ਕਾਲਜਾਂ ਵਿਚ ਪੜ੍ਹ ਰਹੇ ਐਲਬਰਟਾ ਦੇ ਵਿਦਿਆਰਥੀਆਂ ਲਈ ਕੋਈ ਸੁਰੱਖਿਆਵਾਂ ਠੋਸਣ ਦੇ ਯੋਗ ਨਹੀਂ ਹੈ।

“ਐਲਬਰਟਾ ਸਰਕਾਰ  ਪੋਸਟ-ਸੈਕੰਡਰੀ ਸਿੱਖਿਆ ਨੂੰ ਇਕ ਜ਼ਿੰਮੇਵਾਰਾਨਾ ਤਰੀਕੇ ਨਾਲ ਫੰਡਿੰਗ ਦੇਣ ਲਈ ਪ੍ਰਤਿਬੱਧ ਹੈ, ਜਿਹੜਾ ਤਰੀਕਾ ਟੈਕਸ ਦੇਣ ਵਾਲਿਆਂ ਦੇ ਪੈਸੇ ਦਾ ਸਤਿਕਾਰ ਕਰਦਾ, ਵਿਦਿਆਰਥੀਆਂ ਨੂੰ ਉਨ੍ਹਾਂ ਦੇ ਨਿਵੇਸ਼ ਦਾ ਉੱਤਮ ਮੁੱਲ ਪ੍ਰਦਾਨ ਕਰਦਾ ਅਤੇ ਯਕੀਨੀ ਬਣਾਉਂਦਾ ਹੈ ਕਿ ਅਸੀਂ ਅੱਜ ਅਤੇ ਭਲਕ ਦੀਆਂ ਜੌਬਾਂ ਵਾਸਤੇ ਹੁਨਰਮੰਦ ਵਰਕਫੋਰਸ ਪੈਦਾ ਕਰਨੀ ਜਾਰੀ ਰੱਖ ਰਹੇ ਹਾਂ। ਇਹ ਉਪਾਅ ਵਿਦਿਆਰਥੀਆਂ ਅਤੇ ਟੈਕਸ ਦੇਣ ਵਾਲਿਆਂ ਦੀ ਸੁਰੱਖਿਆ ਕਰਨਗੇ ਅਤੇ ਐਲਬਰਟਾ ਨੂੰ ਕੈਨੇਡਾ ਦੇ ਹੋਰ ਸੂਬਿਆਂ ਦੇ ਬਰਾਬਰ ਲਿਆ ਖੜਿਆਂ ਕਰਨਗੇ।”

Rajan Sawhney, ਮਿਨਿਸਟਰ ਆਫ ਐਡਵਾਂਸਡ ਐਜੂਕੇਸ਼ਨ

**ਪ੍ਰਾਈਵੇਟ ਕਰੀਅਰ ਕਾਲਜਾਂ ਦੀਆਂ ਨਿਯਮ-ਪਾਲਣ ਸਬੰਧੀ ਚਾਲੂ ਰਹਿਣ ਵਾਲੀਆਂ ਇੰਸਪੈਕਸ਼ਨਾਂ**

ਪ੍ਰਾਈਵੇਟ ਕਰੀਅਰ ਕਾਲਜ ਐਲ਼ਬਰਟਾ ਦੇ ਬਾਲਗ ਸਿੱਖਿਆ ਪ੍ਰਬੰਧ 'ਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਆਪਣੀ ਸਿਰਜਨਾਤਮਕਤਾ ਅਤੇ ਨਵੀਨਤਾ ਰਾਹੀਂ ਉਹ ਵਿਭਿੰਨ ਪ੍ਰਕਾਰ ਦੀਆਂ ਸਿੱਖਿਆ ਪਹੁੰਚਾਂ ਅਤੇ ਵੋਕੇਸ਼ਨਲ ਟਰੇਨਿੰਗਾਂ ਅਤੇ ਨਾਲ ਦੀ ਨਾਲ ਐਲਬਰਟਾ ਦੀ ਆਰਥਿਕਤਾ ਦੀਆਂ ਲੋੜਾਂ ਦੀ ਪੂਰਤੀ ਲਈ ਲਚਕੀਲਾਪਣ ਪੇਸ਼ ਕਰਦੇ ਹਨ।

ਬੀਤੇ ਪੰਜ ਸਾਲਾਂ ਦੌਰਾਨ ਐਲਬਰਟਾ ਦੇ ਪ੍ਰਾਈਵੇਟ ਕਰੀਅਰ ਕਾਲਜਾਂ ਦੀ ਮਾਰਕੀਟ ਵਿਚ ਮਹੱਤਵਪੂਰਨ ਵਾਧਾ ਹੋਇਆ ਹੈ। ਵਿਦਿਆਰਥੀ ਸ਼ਿਕਾਇਤਾਂ, ਵਿਸ਼ੇਸ਼ ਕਰਕੇ ਨਵੇਂ ਕਾਲਜਾਂ ਪ੍ਰਤਿ, ਵਿਚ ਵੀ ਵਾਧਾ ਹੋਇਆ ਹੈ। ਕੁਝ ਨਵੇਂ ਸਕੂਲਾਂ ਦੇ ਤਾਜ਼ਾ ਆਡਿਟਾਂ ਨੇ ਰਿਕਾਰਡ ਰੱਖਣ ਅਤੇ ਦਾਖਲਾ ਟੈਸਟਾਂ ਵਰਗੀਆਂ ਚੀਜ਼ਾਂ 'ਚ ਪ੍ਰਸ਼ਾਸਨਿਕ ਯੋਗਤਾ ਦੀ ਘਾਟ ਨੂੰ ਦਰਸਾਇਆ ਹੈ।

ਜੂਨ ਮਹੀਨੇ 'ਚ, ਐਲਬਰਟਾ ਸਰਕਾਰ ਸਥਾਨ 'ਤੇ ਜਾ ਕੇ ਇੰਸਪੈਕਸ਼ਨਾਂ ਕਰਨ ਨੂੰ ਸ਼ਾਮਲ ਕਰਨ ਵਾਸਤੇ ਆਪਣੇ ਨਿਯਮ-ਪਾਲਣ ਵੇਖਣ ਦੇ ਕੰਮ 'ਚ ਵਿਸਥਾਰ ਕਰ ਰਹੀ ਹੈ, ਤਾਂ ਕਿ ਯਕੀਨੀ ਰਹੇ ਕਿ:

- ਪ੍ਰਾਈਵੇਟ ਕਾਲਜ ਲਾਇਸੈਂਸਿੰਗ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਪੂਰੀਆਂ ਕਰਨ ਲਈ ਲੋੜੀਂਦੀਆਂ ਜ਼ਰੂਰਤਾਂ ਪ੍ਰਤਿ ਸੁਚੇਤ ਹਨ,
- ਪੂਰੇ ਪ੍ਰਸ਼ਾਸਕੀ ਅਮਲ ਮੌਜੂਦ ਹਨ,
- ਟਰੇਨਿੰਗ ਵਾਸਤੇ ਜਗਾਹ ਅਤੇ ਸਾਜ਼-ਸਮਾਨ ਢੁਕਵੇਂ ਹਨ,
- ਵਿਦਿਆਰਥੀਆਂ ਨੂੰ ਟਰੇਨਿੰਗ ਬਾਰੇ ਸਹੀ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ, ਅਤੇ

- ਵੋਕੇਸ਼ਨਲ ਟਰੇਨਿੰਗ ਇਕ ਯੋਗ ਤਰੀਕੇ ਨਾਲ ਦਿੱਤੀ ਜਾਂਦੀ ਹੈ।

ਇਹ ਸੁਧਰੀ ਹੋਈ ਨਿਗਰਾਨੀ ਇਹ ਯਕੀਨੀ ਬਣਾਉਣ 'ਚ ਮਦਦ ਕਰੇਗੀ ਕਿ ਪ੍ਰਾਈਵੇਟ ਕਰੀਅਰ ਕਾਲਜ ਵਾਅਦੇ ਮੁਤਾਬਿਕ ਕੁਆਲਿਟੀ ਪ੍ਰੋਗਰਾਮ ਪ੍ਰਦਾਨ ਕਰਦੇ ਹਨ ਅਤੇ ਵਿਦਿਆਰਥੀਆਂ ਦੀ ਝੂਠੀਆਂ ਅਤੇ ਗੁੰਮਰਾਹਕੁੰਨ ਪ੍ਰੈਕਟਿਸਾਂ ਤੋਂ ਸੁਰੱਖਿਆ ਕਰਦੇ ਹਨ।

"ਕੁਲੰਬੀਆ ਕਾਲਜ ਇੰਨ੍ਹਾਂ ਨਵੇਂ ਉਪਾਵਾਂ ਨੂੰ ਸਹਿਯੋਗ ਦੇਣ 'ਚ ਮਾਣ ਮਹਿਸੂਸ ਕਰਦਾ ਹੈ ਜਿਹੜੇ ਪ੍ਰਾਈਵੇਟ ਕਰੀਅਰ ਕਾਲਜਾਂ, ਜਿਵੇਂ ਸਾਡਾ ਕਾਲਜ, ਦੇ ਵੱਕਾਰ ਦੀ ਸੁਰੱਖਿਆ ਕਰਨਗੇ ਅਤੇ ਵਿਦਿਆਰਥੀ ਸਹਾਇਤਾ ਖਰਚਿਆਂ ਨੂੰ ਸਥਿਰ ਕਰਨਗੇ। ਮੌਕਿਆਂ ਲਈ ਵਿਦਿਆਰਥੀਆਂ ਦੀ ਸਹਾਇਤਾ ਕਰਨ ਅਤੇ ਪੋਸਟ-ਸੈਕੰਡਰੀ ਸਿੱਖਿਆ ਖੇਤਰ ਨੂੰ ਮਜ਼ਬੂਤ ਕਰਨ 'ਚ ਸਹਾਇਤਾ ਕਰਨ ਵਾਸਤੇ ਅਸੀਂ ਐਲਬਰਟਾ ਸਰਕਾਰ ਨਾਲ ਨੇੜਿਉਂ ਹੋ ਕੇ ਕੰਮ ਕਰਨਾਂ ਜਾਰੀ ਰੱਖ ਸਕਣ ਲਈ ਸ਼ੁਕਰਗੁਜ਼ਾਰ ਹਾਂ।"

Dr. Tom Snell, ਪ੍ਰੈਜ਼ੀਡੈਂਟ ਐਂਡ ਚੇਅਰਮੈਨ ਆਫ ਦਿ ਬੋਰਡ ਆਫ ਡਾਇਰੈਕਟਰਜ਼, ਕੁਲੰਬੀਆ ਕਾਲਜ

"ਐਕਸ਼ਨਡਿਗਨਿਟੀ ਵਿਦਿਆਰਥੀਆਂ ਵੱਲੋਂ ਕੁਝ ਕਾਲਜਾਂ 'ਚ ਦਰਪੇਸ਼ ਸਮੱਸਿਆਵਾਂ ਸਬੰਧੀ ਐਲਬਰਟਾ ਸਰਕਾਰ ਦੇ ਪ੍ਰਤਿਕਰਮ ਤੋਂ ਉਤਸ਼ਾਹਤ ਹੈ। ਪ੍ਰਸਤਾਵਤ ਤਬਦੀਲੀਆਂ ਗਾਹਕਾਂ ਦੀ ਸੁਰੱਖਿਆ ਅਤੇ ਪ੍ਰਾਈਵੇਟ ਕਰੀਅਰ ਕਾਲਜਾਂ 'ਚ ਦਾਖਲ ਕੁਝ ਬਹੁਤ ਕਮਜ਼ੋਰ/ਸੰਵੇਦਨਸ਼ੀਲ ਵਿਦਿਆਰਥੀਆਂ ਲਈ ਉੱਚ-ਦਰਜ਼ੇ ਦੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਦੂਰ ਤੱਕ ਜਾਣਗੀਆਂ।"

Dr. Francis Boakye, ਐਕਜ਼ੈਕੁਟਿਵ ਡਾਇਰੈਕਟਰ, ਐਕਸ਼ਨਡਿਗਨਿਟੀ

## ਫੌਰੀ ਤੱਥ

- ਬੱਜਟ 2024 ਐਲਬਰਟਾ ਸਟੂਡੈਂਟ ਏਡ ਲਈ 1.4 ਬਿਲੀਅਨ ਡਾਲਰ ਤੋਂ ਵਧੀਕ ਮੁਹੱਈਆ ਕਰਦਾ ਹੈ, ਜਿਸ 'ਚ ਸ਼ਾਮਲ ਹੈ:
  - ਵਿਦਿਆਰਥੀ ਲੋਨਾਂ 'ਚ 1.2 ਬਿਲੀਅਨ ਡਾਲਰ ਤੋਂ ਵਧੇਰੇ ਰਕਮ, ਜੋ ਅੰਦਾਜ਼ਨ 139,600 ਵਿਦਿਆਰਥੀਆਂ ਦੀ ਸਹਾਇਤਾ ਕਰੇਗੀ;
  - ਤਕਰੀਬਨ 57,100 ਵਿਦਿਆਰਥੀਆਂ ਨੂੰ ਵਜ਼ੀਫਿਆਂ ਅਤੇ ਇਨਾਮਾਂ 'ਚ 113 ਮਿਲੀਅਨ ਡਾਲਰ
  - 18,700 ਤੋਂ ਵਧੇਰੇ ਵਿਦਿਆਰਥੀਆਂ ਨੂੰ 69 ਮਿਲੀਅਨ ਡਾਲਰ ਦੀਆਂ ਗਰਾਂਟਾਂ।
- 2019/20 ਅਤੇ 2022/23 ਦਰਮਿਆਨ ਪ੍ਰਾਈਵੇਟ ਕਰੀਅਰ ਕਾਲਜਾਂ 'ਚ ਦਾਖਲਿਆਂ 'ਚ ਤਕਰੀਬਨ 30,000 (ਦੁੱਗਣੇ ਨਾਲੋਂ ਵੱਧ) ਦਾ ਵਾਧਾ ਹੋਇਆ।
- ਲਾਇਸੈਂਸਸ਼ੁਦਾ ਪ੍ਰਾਈਵੇਟ ਕਰੀਅਰ ਕਾਲਜਾਂ ਦੀ ਗਿਣਤੀ ਵਧ ਕੇ 2015/16 'ਚ 155 ਤੋਂ 2022/23 'ਚ 222 (44 ਪ੍ਰਤਿਸ਼ਤ ਵਾਧਾ) ਹੋ ਗਈ।

## ਸਬੰਧਤ ਜਾਣਕਾਰੀ

- ਐਲਬਰਟਾ ਸਟੂਡੈਂਟ ਏਡ

## ਮੀਡੀਆ ਇੰਨਕੁਆਰੀਆਂ


### Mackenzie Blyth

780-293-1745
ਪ੍ਰੈੱਸ ਸੈਕਰੇਟਰੀ ਐਡਵਾਂਸਡ ਐਜੂਕੇਸ਼ਨ